# ਪੰਜਾਬ ਵਿਚ ਕੰਮ ਕਰ ਰਹੀਆਂ ਨਰਸਾਂ ਦੇ ਧਿਆਨ ਹਿੱਤ

ਪੰਜਾਬ ਵਿਚ ਕੰਮ ਕਰ ਰਹੀਆਂ ਸਾਰੀਆਂ ਨਰਸਾਂ, ਜਿਨ੍ਹਾਂ ਨੇ ਆਪਣੇ ਰਜਿਸਟਰੇਸ਼ਨ **ਸਰਟੀਫਿਕੇਟ ਅਤੇ ਆਧਾਰ ਕਾਰਡ** ਸਹਿਤ ਖੁਦ ਨੂੰ **ਨਰਸਿਜ਼ ਰਜਿਸਟ੍ਰੇਸ਼ਨ ਅਤੇ ਟਰੈਕਿੰਗ ਸਿਸਟਮ (ਐਨ ਆਰ ਟੀ ਐਸ)** 'ਤੇ ਅਜੇ ਤੱਕ ਸੂਚੀਬੱਧ ਨਹੀਂ ਕਰਾਇਆ, ਉਹ ਕ੍ਰਿਪਾ ਕਰਕੇ ਆਪਣੇ ਅਸਲ ਅਕਾਦਮਿਕ ਸਰਟੀਫਿਕੇਟਾਂ, ਰਜਿਸਟ੍ਰੇਸ਼ਨ ਸਰਟੀਫਿਕੇਟਾਂ, ਆਰ.ਐਨ. ਅਤੇ ਆਰ.ਐਮ., ਆਰ.ਐਨ., ਆਰ.ਏ.ਐਨ.ਐਮ., ਆਰ.ਐਲ.ਐਚ.ਵੀ ਅਤੇ ਆਧਾਰ ਕਾਰਡ ਸਹਿਤ **ਪੰਜਾਬ ਨਰਸਿੰਗ ਰਜਿਸਟਰੇਸ਼ਨ ਕੌਂਸਲ, ਡਾਕਟਰੀ ਸਿੱਖਿਆ ਭਵਨ, ਧਰਾਤਲ ਮੰਜ਼ਿਲ, ਸੈਕਟਰ-69, ਮੁਹਾਲੀ** ਦੇ ਦਫ਼ਤਰ ਵਿਚ ਨਿੱਜੀ ਰੂਪ ਵਿਚ ਪਧਾਰ ਕੇ **06 ਜੁਲਾਈ, 2019** ਤੋਂ ਪਹਿਲਾਂ ਖੁਦ ਨੂੰ ਰਜਿਸਟਰਡ ਕਰਾਉਣਾ ਯਕੀਨੀ ਬਣਾਉਣ। ਨਰਸਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਟੋਕਨ ਰਾਹੀਂ ਪੂਰਵ ਐਨ.ਆਰ.ਟੀ.ਐਸ. ਅਪੁਆਇੰਟਮੈਂਟ ਪ੍ਰਾਪਤ ਕਰਨ ਜੋ **www.pnrconline.in** ਰਾਹੀਂ ਜੇਨਰੇਟ ਕੀਤੀ ਜਾ ਸਕਦੀ ਹੈ।

**ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਲ** ਕੋਲ ਰਜਿਸਟਰਡ ਸਾਰੀਆਂ ਨਰਸਾਂ/ਏ ਐਨ ਐਮ'ਜ਼/ਐਲ ਐਚ ਵੀ'ਜ਼ ਵੀ, ਜਿਨ੍ਹਾਂ ਨੇ ਵਿਨੋ-ਪੇਟੈਂਕ ਪ੍ਰਾਈ. ਲਿਮ. ਰਾਹੀਂ ਵੱਖ-ਵੱਖ ਨਰਸਿੰਗ ਸੰਸਥਾਵਾਂ 'ਤੇ ਆਪਣੇ **ਰਜਿਸਟਰੇਸ਼ਨ ਸਰਟੀਫਿਕੇਟ ਅਤੇ ਆਧਾਰ ਕਾਰਡ** ਸਹਿਤ ਨਰਸਿਜ਼ ਰਜਿਸਟਰੇਸ਼ਨ ਅਤੇ ਟਰੈਕਿੰਗ ਸਿਸਟਮ ਵਿਚ ਖੁਦ ਨੂੰ ਪਹਿਲਾਂ ਹੀ ਰਜਿਸਟਰਡ ਕਰਾਇਆ ਹੈ, ਉਹ ਕ੍ਰਿਪਾ ਕਰਕੇ https://nrts.indi-annursingcouncil.gov.in/login.nic 'ਤੇ ਪਧਾਰ ਕੇ ਆਪਣੇ ਐਨ ਯੂ ਆਈ ਡੀ ਕਾਰਡ ਦਾ ਨਵੀਨਤਮ ਸਟੇਟਸ ਚੈੱਕ ਕਰਨਾ ਯਕੀਨੀ ਬਣਾਉਣ ਅਤੇ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਲ ਦੇ ਦਫ਼ਤਰ ਵਿਚ **31 ਜੁਲਾਈ, 2019** ਤੋਂ ਪਹਿਲਾਂ ਆਪਣੀ ਰਜਿਸਟਰੇਸ਼ਨ ਵਿਚ ਤਰੁੱਟੀਆਂ (ਜੇਕਰ ਕੋਈ ਹੋਣ) ਦੀ ਦਰੁਸਤੀ ਕਰਾਉਣ।

ਇਹ ਨੋਟ ਕੀਤਾ ਜਾਵੇ ਕਿ ਰਜਿਸਟਰੇਸ਼ਨ ਵਿਚ ਕਿਸੇ ਕਿਸਮ ਦੀਆਂ ਤਰੁੱਟੀਆਂ ਦੀ ਸੁਧਾਈ ਕੇਵਲ ਦੱਸੀ ਗਈ ਮਿਤੀ ਤੱਕ ਕੀਤੀ ਜਾਵੇਗੀ। ਨਿਰਧਾਰਤ ਸਮੇਂ ਦੇ ਅੰਦਰ-ਅੰਦਰ ਤਰੁੱਟੀਆਂ ਦੀ ਦਰੁਸਤੀ ਕਰਨ ਵਿਚ ਅਸਫਲ ਰਹਿਣ 'ਤੇ ਅਜਿਹੀਆਂ ਰਜਿਸਟਰਡ ਨਰਸਾਂ ਦਾ ਨਾਂਅ ਨਰਸਿਜ਼ ਰਜਿਸਟਰੇਸ਼ਨ ਅਤੇ ਟਰੈਕਿੰਗ ਸਿਸਟਮ ਤੋਂ ਆਰਜ਼ੀ ਰੋਕ ਵਿਚ ਰੱਖਿਆ ਜਾਵੇਗਾ ਅਤੇ ਇਸ ਦੀ ਜ਼ਿੰਮੇਵਾਰੀ ਕੇਵਲ ਸਬੰਧਿਤ ਨਰਸਾਂ ਦੀ ਹੀ ਹੋਵੇਗੀ।

**davp 17111/11/0008/1920**